# ਪੰਜਾਬ ਦਾ ਭੈੜਾ ਹਾਲ

ਖ਼ਬਰਾਂ ਮੁਤਾਬਿਕ ਪੰਜਾਬ ਦੇ ਕਿਸਾਨਾਂ ਅਤੇ ਹੋਰ ਆਮ ਲੋਕਾਂ ਦਾ ਹਾਲ ਬਹੁਤ ਹੀ ਭੈੜਾ ਹੁੰਦਾ ਜਾ ਰਿਹਾ ਹੈ। ਕਿਸਾਨਾਂ ਦੇ ਸਿਰ ਕਰਜੇ ਦੀ ਪੰਡ ਬਹੁਤ ਹੀ ਭਾਰੀ ਹੋ ਗਈ ਹੈ ਅਤੇ ਫਸਲਾਂ ਦੇ ਸਹੀ ਭਾਅ ਉਨ੍ਹਾਂ ਨੂੰ ਕਈ ਸਾਲਾਂ ਤੋਂ ਨਹੀਂ ਮਿਲ ਰਹੇ ਜਿਸ ਕਰਕੇ ਉਨ੍ਹਾਂ ਦੀ ਹਾਲਤ ਹੋਰ ਵੀ ਮੰਦੀ ਹੁੰਦੀ ਜਾ ਰਹੀ ਹੈ। ਮਿਸਾਲ ਦੇ ਤੌਰ ਤੇ ਇਸ ਵਰ੍ਹੇ ਆਲੂ ਦੀ ਫਸਲ ਤੇ ਉਨ੍ਹਾਂ ਨੂੰ ਬਹੁਤ ਹੀ ਨੁਕਸਾਨ ਹੋਇਆ ਹੈ ਕਿਉਂਕਿ ਸਰਕਾਰ ਨੇ ਆਲੂ ਵੇਚਣ ਦੀ ਕੀਮਤ ਲਾਗਤ ਨਾਲੋਂ ਵੀ ਘੱਟ ਰੱਖੀ ਹੈ। ਇਸ ਕਰਕੇ ਕਿਸਾਨ ਆਲੂ ਦੀ ਫਸਲ ਤਬਾਹ ਕਰ ਰਹੇ ਹਨ। ਪਿਛਲੇ ਸਾਲ ਚੌਲਾਂ ਦੀ ਫਸਲ ਵੇਲੇ ਵੀ ਉਨ੍ਹਾਂ ਨੂੰ ਘਾਟਾ ਹੀ ਪਿਆ ਸੀ।

ਤਾਲੀਮ ਅਤੇ ਸਿਹਤ ਦਾ ਵੀ ਪੰਜਾਬ ਵਿਚ ਹਾਲ ਬਹੁਤ ਹੀ ਮੰਦਾ ਹੈ। ਸਕੂਲਾਂ ਵਿਚ ਉਸਤਾਦਾਂ ਦੀਆਂ ਥਾਵਾਂ ਖਾਲੀ ਪਈਆਂ ਹਨ ਤੇ ਇਮਾਰਤਾਂ ਡਿਗ ਢਹਿ ਰਹੀਆਂ ਹਨ। ਹਾਲ ਵਿਚ ਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਕੁਝ ਜੱਜਾਂ ਨੇ ਕਿਹਾ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਤਾਲੀਮ ਦਾ ਕੋਈ ਇੰਤਜ਼ਾਮ ਨਹੀਂ ਅਤੇ ਸਰਕਾਰ ਇਸ ਪਾਸੇ ਵੱਲ ਕੋਈ ਵੀ ਧਿਆਨ ਨਹੀਂ ਦੇ ਰਹੀ ਇਸ ਲਈ ਉਨ੍ਹਾਂ ਨੇ ਕੁਝ ਵੱਡੇ ਅਤੇ ਵਡੇਰਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਵਿਚ ਸਕੂਲਾਂ ਨੂੰ ਆਪਣੇ ਹੱਥ ਵਿਚ ਲੈ ਕੇ ਤਾਲੀਮ ਦਾ ਕੁਝ ਬੰਦੋਬਸਤ ਕਰਨ। ਸਰਕਾਰ ਤਾਂ ਕੁਝ ਵੀ ਕਰਨ ਤੋਂ ਪੱਲਾ ਝਾੜੀ ਬੈਠੀ ਹੈ।

ਸਿਹਤ ਦੇ ਮਾਮਲੇ ਵਿਚ ਵੀ ਕੁਝ ਇਹੋ ਜਿਹਾ ਹੀ ਹਾਲ ਹੈ। ਸਰਕਾਰੀ ਹਸਪਤਾਲਾਂ ਦਾ ਤਾਂ ਬਹੁਤ ਹੀ ਬੁਰਾ ਹਾਲ ਹੈ। ਹਸਪਤਾਲ ਅਤੇ ਉਨ੍ਹਾਂ ਦੇ ਅਹਾਤੇ ਗੰਦਗੀ ਨਾਲ ਭਰੇ ਰਹਿੰਦੇ ਹਨ ਤੇ ਸਫ਼ਾਈ ਦਾ ਕੋਈ ਬੰਦੋਬਸਤ ਨਹੀਂ ਹੈ। ਹਸਪਤਾਲਾਂ ਵਿਚ ਡਾਕਟਰ ਅਤੇ ਹੋਰ ਅਮਲੇ ਦੀ ਬੜੀ ਘਾਟ ਹੈ ਤੇ ਦੁਆਈਆਂ ਵੀ ਨਹੀਂ ਮਿਲਦੀਆਂ।

ਫ਼ਸਲਾਂ ਲਈ ਦੁਆਈਆਂ ਅਤੇ ਹੋਰ ਕੀਟਨਾਸ਼ਕਾਂ ਦੀ ਅੰਨ੍ਹੇ ਵਾਹ ਵਰਤੋਂ ਨਾਲ ਪੰਜਾਬ ਦਾ ਪਾਣੀ ਜ਼ਹਿਰ ਬਣਦਾ ਜਾ ਰਿਹਾ ਹੈ। ਕੈਂਸਰ ਦੀ ਬਿਮਾਰੀ ਬਹੁਤ ਹੀ ਵੱਧ ਰਹੀ ਹੈ। ਪਰਦੂਸ਼ਣ ਨਾਲ ਵਾਤਾਵਰਣ ਦਾ ਵੀ ਮੰਦਾ ਹਾਲ ਹੈ।

ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ ਕਿਸਾਨਾਂ ਸਿਰ ਕਰਜ਼ੇ ਵੱਧਦੇ ਹੀ ਜਾ ਰਹੇ ਹਨ। ਅਕਾਲੀ ਤਾਕਤ ਵਿਚ ਹੋਣ ਜਾਂ ਕਾਂਗਰਸ ਤਾਲੀਮ ਅਤੇ ਸਿਹਤ ਦੇ ਅਦਾਰਿਆਂ ਦਾ ਬੁਰਾ ਹਾਲ ਹੀ ਰਹਿੰਦਾ ਹੈ। ਪਰਦੂਸ਼ਣ ਵੱਧਦਾ ਹੀ ਜਾਂਦਾ ਹੈ। ਆਮ ਲੋਕਾਂ ਦਾ ਖ਼ਿਆਲ ਹੈ ਕਿ ਸਰਕਾਰ ਭਾਂਵੇ ਕਿਸੇ ਵੀ ਪਾਰਟੀ ਹੋਵੇ ਇਸ ਤੋਂ ਕੁਝ ਵੀ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ ਕਰਕੇ ਉਹ ਸਰਕਾਰ ਅਤੇ ਸਿਆਸੀ ਪਾਰਟੀਆਂ ਤੋਂ ਇਨ੍ਹਾਂ ਗੱਲਾਂ ਬਾਰੇ ਕੋਈ ਵੀ ਆਸ ਛੱਡ ਬੈਠੇ ਹਨ।

ਕੁਝ ਗੈਰ ਸਰਕਾਰੀ ਸੰਸਥਾਵਾਂ ਅਤੇ ਦਾਨ ਕਰਨ ਵਾਲੇ ਅਦਾਰਿਆਂ ਨੇ ਤਾਲੀਮ, ਸਿਹਤ ਅਤੇ ਪਰਦੂਸ਼ਨ ਬਾਰੇ ਲੋਕਾਂ ਵਿਚ ਜਾਗਰਤੀ ਲਿਆ ਕੇ ਉਨ੍ਹਾਂ ਨੂੰ ਇਕੱਠੇ ਕਰਨ ਦਾ ਉਦਮ ਕੀਤਾ ਹੈ ਅਤੇ ਕਰ ਰਹੇ ਹਨ। ਪਰ ਇਹ ਉਦਮ ਇਕ ਛੋਟੇ ਜਿਹੇ ਦਾਇਰੇ ਤਕ ਹੀ ਮਹਿਦੂਦ ਰਹਿ ਜਾਂਦੇ ਹਨ।

ਕੁਝ ਲੋਕ ਇਹ ਵੀ ਕਹਿੰਦੇ ਹਨ ਕਿ ਇਹ ਸੱਭ ਕੰਮ ਪਰਾਈਵੇਟ ਕੰਪਨੀਆਂ ਦੇ ਹੱਥ ਵਿਚ ਦੇ ਦੇਣੇ ਚਾਹੀਦੇ ਹਨ ਅਤੇ ਇਸ ਨਾਲ ਇਹ ਮਸਲੇ ਹੱਲ ਹੋ ਜਾਣਗੇ। ਪਰ ਇਨ੍ਹਾਂ ਪਰਾਈਵੇਟ ਕੰਪਨੀਆਂ ਨੂੰ ਕਿਸ ਨੇ ਰੋਕਿਆ ਹੋਇਆ ਹੈ ਕਿ ਉਹ ਤਾਲੀਮ, ਸਿਹਤ ਅਤੇ ਪਰਦੂਸ਼ਣ ਦੇ ਮਸਲੇ ਨਾਂ ਹੱਲ ਕਰਨ? ਤਜਰਬਾ ਦੱਸਦਾ ਹੈ ਕਿ ਦੁਨੀਆਂ ਵਿਚ ਕਿਸੇ ਵੀ ਮੁਲਕ ਵਿਚ ਇਹ ਮਸਲੇ ਕਦੇ ਨਿਜੀ ਕੰਪਨੀਆਂ ਨੇ ਨਹੀਂ ਹੱਲ ਕੀਤੇ ਬਲਕਿ ਕੰਪਨੀਆਂ ਨੇ ਤਾਂ ਇਹ ਮਸਲੇ ਖੜੇ ਕੀਤੇ ਹਨ।

ਇਕ ਸੁਆਲ ਇਹ ਵੀ ਉਠਦਾ ਹੈ ਕਿ ਜੇ ਰਿਆਸਤ ਅਤੇ ਸਰਕਾਰ ਨੇ ਲੋਕਾਂ ਲਈ ਕੁਝ ਕਰਨਾ ਹੀ ਨਹੀਂ ਤਾਂ ਇਹੋ ਜਿਹੀ ਰਿਆਸਤ ਅਤੇ ਸਰਕਾਰ ਦੀ ਲੋਕਾਂ ਨੂੰ ਕੀ ਲੋੜ ਹੈ? ਜੇ ਰਿਆਸਤ ਅਤੇ ਸਰਕਾਰ ਲੋਕਾਂ ਲਈ ਕੁਝ ਨਹੀਂ ਕਰਦੇ ਤਾਂ ਕੀ ਕਰਦੇ ਹਨ? ਮਿਸਾਲ ਦੇ ਤੌਰ ਤੇ ਅਕਾਲੀ ਪਾਰਟੀ ਦੀ ਸਰਕਾਰ ਵਿਚ ਬਾਦਲ ਪਰਿਵਾਰ ਦੇ ਚਾਰ ਪੰਜ ਬੰਦੇ ਹਨ। ਇਨ੍ਹਾਂ ਨੇ ਲੋਕਾਂ ਦਾ ਕੀ ਸਾਰਨਾ ਹੈ? ਦੂਜੇ ਪਾਸੇ ਹਰੇਕ ਸਿਆਸੀ ਪਾਰਟੀ ਨੇ ਰੌਲਾ ਪਾਇਆ ਹੋਇਆ ਹੈ ਕਿ ਨੌਜਵਾਨਾਂ ਨੂੰ ਸਿਆਸਤ ਵਿਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਸਿਆਸੀ ਪਾਰਟੀਆਂ ਵਿਚ ਸਰਗਰਮ ਹੋਣਾ ਚਾਹੀਦਾ ਹੈ। ਪਰ ਨੌਜਵਾਨ ਪੁੱਛਦੇ ਹਨ ਉਹ ਇਨ੍ਹਾਂ ਸਿਆਸੀ ਪਾਰਟੀਆਂ ਵਿਚ ਆ ਕੇ ਕੀ ਕਰ ਸਕਦੇ ਹਨ? ਕੋਈ ਵੀ ਸਿਆਸੀ ਪਾਰਟੀ ਲੋਕਾਂ ਦੇ ਮਸਲਿਆਂ ਵੱਲ ਤਵੱਜੋ ਨਹੀਂ ਦਿੰਦੀ। ਹਾਲ ਵਿਚ ਪੰਜਾਬ ਵਿਚ ਨੌਜਵਾਨ ਕਾਂਗਰਸ ਦੀਆਂ ਚੋਣਾਂ ਹੋਈਆਂ ਹਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਚੋਣਾਂ ਤੇ ਕਰੋੜਾਂ ਰੁਪਏ ਖ਼ਰਚ ਕੀਤੇ ਗਏ ਹਨ। ਇਹੋ ਜਿਹੀ ਜੱਥੇਬੰਦੀਆਂ ਤੋਂ ਲੋਕ ਕੀ ਆਸ ਰੱਖ ਸਕਦੇ ਹਨ?

ਪੰਜਾਬ ਦੇ ਹਾਲਾਤ ਮੰਗ ਕਰਦੇ ਹਨ ਇਕ ਨਵੀਂ ਉਸਾਰੀ ਅਤੇ ਨਵੀਂ ਸੋਚ ਦੀ। ਰਿਆਸਤ ਅਤੇ ਤਾਕਤ ਇਨ੍ਹਾਂ ਹਾਲਾਤ ਨੂੰ ਬਰਕਰਾਰ ਰਖਣ ਤੇ ਹੀ ਤੁਲੇ ਹਨ। ਇਸਦੇ ਨਤੀਜੇ ਵਲੋਂ ਹਾਲਾਤ ਹੋਰ ਵੀ ਭੈੜੇ ਹੁੰਦੇ ਜਾ ਰਹੇ ਹਨ।